# ਮੈਨੂੰ ਪਤੈ ਕਤਲ ਕਿਸਨੇ ਕੀਤਾ-ਫਾਰੂਖ ਅਬਦੁੱਲਾ ਨਵੀ ਦਿੱਲੀ ਦਾ ਹੱਥ ਹੈ ਚਿੱਠੀ ਸਿੰਘਪੁਰਾ ਦੇ ਕਤਲੇਆਮ ਪਿੱਛੇ

ਕਸ਼ਮੀਰ:ਐਸ.ਐਸ.ਏ.ਸੀ ਨਾਮੀ ਸੰਸਥਾ ਨੇ ਕਿਹਾ ਕਿ ਕਸ਼ਮੀਰ ਵਿਚ ਮਾਰਚ 2000 ਨੂੰ ਹੋਲੀ ਵਾਲੇ ਦਿਨ 35 ਸਿੱਖਾਂ ਨੂੰ ਕਤਲ ਕਰਨ ਪਿੱਛੇ ਨਵੀਂ ਦਿੱਲੀ ਦਾ ਹੱਥ ਹੈ।ਜਥੇਬੰਦੀ ਨੇ ਕਿਹਾ ਕਿ ਭਾਰਤ ਵਿਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ ਹਨ।ਇਸ ਸੰਸਥਾ ਨੇ ਕਿਹਾ ਕਿ ਜੇ ਭਾਰਤ ਸਰਕਾਰ ਨੇ ਇਨਕੁਆਰੀ ਨਾ ਕਰਵਾਈ ਤਾਂ ਅਜਿਹੀਆਂ ਘਟਨਾਵਾਂ ਦੇ ਨਤੀਜੇ ਖਤਰਨਾਕ ਹੁੰਦੇ ਹਨ।
ਵਰਨਣਯੋਗ ਹੈ ਕਿ 35 ਸਿੱਖਾਂ ਨੂੰ ਭਾਰਤੀ ਏਜੰਸੀਆਂ ਨੇ ਉਸ ਸਮੇਂ ਮੌਤ ਦੇ ਘਾਟ ਉਤਾਰ ਦਿੱਤਾ ਸੀ ਜਦੋਂ ਅਮਰੀਕਾ ਦਾ ਪ੍ਰਧਾਨ ਮੰਤਰੀ ਬਿੱਲ ਕਲਿੰਟਨ ਭਾਰਤ ਦੇ ਦੌਰੇ ਤੇ ਗਿਆ ਹੋਇਆ ਸੀ।ਕਲਿੰਟਨ ਨੇ ਵੀ ਇਕ ਕਿਤਾਬ ਵਿਚ ਲਿਖਿਆ ਸੀ ਕਿ ਸਿੱਖਾਂ ਦਾ ਕਤਲੇਆਮ ਗਹਿਰੀ ਸਾਜ਼ਿਸ਼ ਦਾ ਨਤੀਜਾ ਹੈ ਜਿਸਦਾ ਇਸ਼ਾਰਾ ਵੀ ਭਾਰਤੀ ਏਜੰਸੀਆਂ ਵੱਲ ਹੈ।
ਸੰਸਥਾ ਦੇ ਆਗੂ ਨੇ ਕਿਹਾ ਕਿ ਭਾਰਤ ਸਰਕਾਰ ਇਸ ਕਤਲੇਆਮ ਲਈ ਸਿੱਧੀ ਦੋਸ਼ੀ ਹੈ।ਇਸ ਕਤਲੇਆਮ ਸਮੇਂ ਦੇ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇਹੁਣ 18 ਫਰਵਰੀ 2008 ਨੂੰ ਜੰਮੂ ਕਸ਼ਮੀਰ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਕਾਤਲਾਂ ਤੋਂ ਖਬਰਸਾਰ ਸੀ।ਉਸਨੇ ਕਿਹਾ ਕਿ ਮੈਨੂੰ ਪਤਾ ਕਿਸਨੇ ਇਹ ਸਿੱਖ ਕਤਲ ਕੀਤੇ ਹਨ ਪਰ ਕੇਂਦਰ ਸਰਕਾਰ ਨੇ ਮੈਨੂੰ ਇਨਕੁਆਰੀ ਕਰਵਾਉਣ ਤੋਂ ਰੋਕਿਆ ਸੀ।ਚਿੱਟੀ ਸਿੰਘਪੁਰਾ ਦੇ ਨਾਨਕ ਸਿੰਘ ਬੇਦੀ ਨੇ ਕਿਹਾ ਕਿ ਫਾਰੂਖ ਦੇ ਕਹੇ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਭਾਰਤ ਵਿਚ ਸਿੱਖ ਕਿਤੇ ਸੁਰੱਖਿਅਤ ਨਹੀਂ ਹਨ।ਸਪੈਸ਼ਲ ਤੌਰ ਤੇ ਜੰਮੂ ਕਸ਼ਮੀਰ ਵਿਚ ਉਹਨਾਂ ਨੂੰ ਕਦੇ ਵੀ ਬਲੀ ਦਾ ਬੱਕਰਾ ਬਣਾਇਆ ਜਾ ਸਕਦਾ ਹੈ।ਉਹਨਾਂ ਕਿਹਾ ਕਿ ਜਿੰਨਾ ਚਿਰ ਇਹਨਾਂ ਕਾਤਲਾਂ ਦੀ ਜਾਂਚ ਨਹੀਂ ਹੁੰਦੀ ਤੇ ਦੋਸ਼ੀ ਫੜੇ ਨਹੀਂ ਜਾਂਦੇ ਅਸੀਂ ਟਿਕ ਕੇ ਨਹੀਂ ਬੈਠਾਂਗੇ।

